# भावें दुःख होवे माँ

भावे दुःख होवे माँ, भावे सुख होवे माँ,
चाहे जेहड़े पासे, जिंदड़ी दा रुख होवे माँ,
मैनु प्रीत होर कोई माँ पराई ना होवे,
तेरे चरना दी दातिए जुदाई ना होवे,
हो माँ....
हो माँ....
भावे धुप होवे माँ, भावे छा होवे माँ,
तेरे हथ विच इक मेरी बांह होवे माँ,
भावे दुनिया ए सारी पराई ही होवे,
तेरे चरना दी दातिए जुदाई ना होवे,
हो माँ....
हो माँ....

जे तू मेरी माँ मैनु दुनिया दी लोड़ ना,
माँ मिल गयी मैनु रेहनी कोई थोड़ ना,
बांह मेरी फड़ी ए ते बांह मेरी छोड़ ना,
किता ए दीवाना मैनु दिल मेरा तोड़ ना,
तेरा दर होवे माँ, मेरा सिर होवे माँ,
इक मेरे वल तेरी ही नज़र होवे माँ,
भावे दुनिया दे नाल लड़ाई ही होवे,
तेरे चरना दी दातिए जुदाई ना होवे,
हो माँ....
हो माँ....

तेरा दर छड्ड के मैं किते होर जाना नई,
मेरा कोई होर मईया जग च ठिकाना नई,
अपना बनाया तैनू जग नु बनाउना नई,
किसे होर दर जाके सिर मैं झुकाउना नई,
माँ मैं तेरा हो गया, माँ मैं तेरा हो गया,
सारी दुनिया नू छड्ड इक तेरा हो गया,
भावे दुनिया तो मेरी विधाई ही होवे,
तेरे चरना दी दातिए जुदाई ना होवे,
हो माँ....
हो माँ....

सब दे सवारे कम मईया झंडेवाली ए,
दुनिया तो ऊची तेरी शान माँनिराली ए,
चड़ के चड़ाईया दर आउंदा जो सवाली ए,
सुखा नाल भर देंदी मईया झोली खाली ए,
तेरे दर जेहा माँ कोई होर होना ना,
एहना भवना दी माँ लग्गे मिट्ठी मिट्ठी छा,
भावे अर्ज़ी एह, मईया तैनू सुनाई ही होवे,

तेरे चरना दी दातिए जुदाई ना होवे,
हो माँ....
हो माँ....

जद तेरी दुनिया छड्ड के मैं जावा माँ,
मैनु लैन आन मईया तेरिया ही बाहां माँ,
नाम वाली चुनरी औड़ के मैं जावा माँ,
बोलन जैकारे तेरे मैं उठ जावा माँ,
तेरा दर होवे माँ, मेरा सिर होवे माँ,
इक मेरे वल तेरी ही नज़र होवे माँ,
मैं ते ज़िन्दगी माँ दर ते बिताई ही होवे,
तेरे चरना दी दातिए जुदाई ना होवे,
हो माँ....
हो माँ....

ਭਾਵੇਂ ਦੁੱਖ ਹੋਵੇ ਮਾਂ, ਭਾਵੇਂ ਸੁੱਖ ਹੋਵੇ ਮਾਂ ।
ਚਾਹੇ ਜੇਹੜੇ ਪਾਸੇ, ਜਿੰਦੜੀ ਦਾ, ਰੁੱਖ ਹੋਵੇ ਮਾਂ ।
*ਮੈਨੂੰ ਪ੍ਰੀਤ, ਹੋਰ ਕੋਈ ਮਾਂ, ਪਰਾਈ ਨਾ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥
*ਹੋ,, ਮਾਂ,,,,, ਹੋ,, ਮਾਂ,,,,, ।
ਹੋ,, ਮਾਂ,,,,, ਹੋ,, ਮਾਂ,,,,, ।
ਭਾਵੇਂ ਧੁੱਪ ਹੋਵੇ ਮਾਂ, ਭਾਵੇਂ ਛਾਂ ਹੋਵੇ ਮਾਂ ।
ਤੇਰੇ ਹੱਥ ਵਿੱਚ ਇੱਕ, ਮੇਰੀ ਬਾਂਹ ਹੋਵੇ ਮਾਂ ।
*ਭਾਵੇਂ ਦੁਨੀਆਂ, ਏਹ ਸਾਰੀ, ਪਰਾਈ ਹੀ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥
*ਹੋ,, ਮਾਂ,,,,, *ਹੋ,, ਮਾਂ,,,,, ।
ਹੋ,, ਮਾਂ,,,,, ਹੋ,, ਮਾਂ,,,,, ।

1-ਜੇ ਤੂੰ ਮੇਰੀ ਮਾਂ ਮੈਨੂੰ, ਦੁਨੀਆਂ ਦੀ ਲੋੜ ਨਾ,
"ਮਾਂ ਮਿਲ ਗਈ ਮੈਨੂੰ, ਰਹਿਣੀ ਕੋਈ ਥੋੜ ਨਾ" ।
ਬਾਂਹ ਮੇਰੀ ਫੜ੍ਹੀ ਏ ਤੇ, ਬਾਂਹ ਮੇਰੀ ਛੋੜ ਨਾ,
"ਕੀਤਾ ਏ ਦੀਵਾਨਾ ਮੈਨੂੰ, ਦਿਲ ਮੇਰਾ ਤੋੜ ਨਾ" ॥
ਤੇਰਾ ਦਰ ਹੋਵੇ ਮਾਂ, ਮੇਰਾ ਸਿਰ ਹੋਵੇ ਮਾਂ ।
ਇੱਕ ਮੇਰੇ ਵੱਲ ਤੇਰੀ, ਹੀ ਨਜ਼ਰ ਹੋਵੇ ਮਾਂ ।
*ਭਾਵੇਂ ਦੁਨੀਆਂ, ਦੇ ਨਾਲ, ਲੜ੍ਹਾਈ ਹੀ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥
*ਹੋ,, ਮਾਂ,,,,, ਹੋ,, ਮਾਂ,,,,, ।
ਹੋ,, ਮਾਂ,,,,, ਹੋ,, ਮਾਂ,,,,, ।

2-ਤੇਰਾ ਦਰ ਛੱਡ ਕੇ ਮੈਂ, ਕਿਤੇ ਹੋਰ ਜਾਣਾ ਨਹੀਂ,
"ਮੇਰਾ ਕੋਈ ਹੋਰ ਮਈਆ, ਜੱਗ 'ਚ ਠਿਕਾਣਾ ਨਹੀਂ" ।
ਆਪਣਾ ਬਣਾਇਆ ਤੈਨੂੰ, ਜੱਗ ਨੂੰ ਬਣਾਉਣਾ ਨਹੀਂ,
"ਕਿਸੇ ਹੋਰ ਦਰ ਜਾ ਕੇ, ਸਿਰ ਮੈਂ ਝੁਕਾਉਣਾ ਨਹੀਂ" ॥
ਮਾਂ ਮੈਂ ਤੇਰਾ ਹੋ ਗਿਆ, ਮਾਂ ਮੈਂ ਤੇਰਾ ਹੋ ਗਿਆ ।

ਸਾਰੀ ਦੁਨੀਆਂ ਨੂੰ ਛੱਡ, ਇੱਕ ਤੇਰਾ ਹੋ ਗਿਆ।
*ਭਾਵੇਂ ਦੁਨੀਆਂ, ਤੋਂ ਮੇਰੀ, ਵਿਦਾਈ ਹੀ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥
*ਹੋ,, ਮਾਂ,,,,, ਹੋ,, ਮਾਂ,,,,, ।
ਹੋ,, ਮਾਂ,,,,, ਹੋ,, ਮਾਂ,,,,, ।

3-ਸਭ ਦੇ ਸੰਵਾਰੇ ਕੰਮ, ਮਈਆ ਝੰਡੇਵਾਲੀ ਏ,
"ਦੁਨੀਆਂ ਤੋਂ ਉੱਚੀ ਤੇਰੀ, ਸ਼ਾਨ ਮਾਂ ਨਿਰਾਲੀ ਏ"।
ਚੜ੍ਹ ਕੇ ਚੜ੍ਹਾਈਆਂ ਦਰ, ਆਉਂਦਾ ਜੋ ਸਵਾਲੀ ਏ,
"ਸੁੱਖਾਂ ਨਾਲ ਭਰ ਦੇਂਦੀ, ਮਈਆ ਝੋਲੀ ਖ਼ਾਲੀ ਏ" ॥
ਤੇਰੇ ਦਰ ਜੇਹਾ ਮਾਂ, ਕੋਈ ਹੋਰ ਹੋਣਾ ਨਾ।
ਏਹਨਾਂ ਭਵਨਾਂ ਦੀ ਮਾਂ, ਲੱਗੇ ਮਿੱਠੀ ਮਿੱਠੀ ਛਾਂ।
*ਭਾਵੇਂ ਅਰਜ਼ੀ ਏਹ, ਮਈਆ ਤੈਨੂੰ, ਸੁਣਾਈ ਹੀ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥

4-ਜਦ ਤੇਰੀ ਦੁਨੀਆਂ, ਛੱਡ ਕੇ ਮੈਂ ਜਾਵਾਂ ਮਾਂ,
"ਮੈਨੂੰ ਲੈਣ ਆਣ ਮਈਆ, ਤੇਰੀਆਂ ਹੀ ਬਾਂਹਵਾਂ ਮਾਂ"।
ਨਾਮ ਵਾਲੀ ਚੁੰਨਰੀ, ਔੜ੍ਹ ਕੇ ਮੈਂ ਜਾਵਾਂ ਮਾਂ,
"ਬੋਲਣ ਜੈਕਾਰੇ ਤੇਰੇ, ਮੈਂ ਉੱਠ ਜਾਵਾਂ ਮਾਂ" ॥
ਤੇਰਾ ਦਰ ਹੋਵੇ ਮਾਂ, ਮੇਰਾ ਸਿਰ ਹੋਵੇ ਮਾਂ।
ਇੱਕ ਨਜ਼ਰ ਮੇਹਰ ਦੀ, ਮੇਰੇ ਵੱਲ ਹੋਵੇ ਮਾਂ।
*ਮੈਂ ਤੇ ਜ਼ਿੰਦਗੀ, ਮਾਂ ਦਰ ਤੇ, ਬਿਤਾਈ ਹੀ ਹੋਵੇ,,,
"ਤੇਰੇ ਚਰਨਾਂ ਦੀ ਦਾਤੀਏ, ਜੁਦਾਈ ਨਾ ਹੋਵੇ" ॥
*ਹੋ,, ਮਾਂ,,,,, ਹੋ,, ਮਾਂ,,,,, ।
ਹੋ,, ਮਾਂ,,,,, ਹੋ,, ਮਾਂ,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/27810/title/bhave-dukh-hove-maa

अपने Android मोबाइल पर BhajanGanga App डाउनलोड करें और भजनों का आनंद ले |